**<u>ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ (ਪੁੱਡਾ) ਦੀ ਮਿਤੀ 31.10.2011 ਨੂੰ ਹੋਈ 46ਵੀਂ ਮੀਟਿੰਗ ਦੀ ਕਾਰਵਾਈ ।</u>**

ਮਿਤੀ 31.10.2011 ਨੂੰ ਮੁੱਖ ਮੰਤਰੀ ਪੰਜਾਬ-ਕਮ-ਚੇਅਰਮੈਨ, ਪੁੱਡਾ ਸ਼੍ਰੀ ਪਰਕਾਸ਼ ਸਿੰਘ ਬਾਦਲ ਜੀ ਦੀ ਪ੍ਰਧਾਨਗੀ ਹੇਠ ਅਥਾਰਿਟੀ ਦੀ 46ਵੀਂ ਮੀਟਿੰਗ ਹੋਈ, ਜਿਸ ਵਿੱਚ ਹੇਠ ਲਿਖੇ ਅਨੁਸਾਰ ਮੈਂਬਰਾਂ ਨੇ ਵੀ ਭਾਗ ਲਿਆ:-

| **ਲੜੀ ਨੰ** | **ਅਧਿਕਾਰੀ ਦਾ ਨਾਮ ਅਤੇ ਅਹੁਦਾ** | **ਅਹੁਦਾ** |
|---|---|---|
| 1. | ਸ਼੍ਰੀ ਐਸ. ਸੀ. ਅਗਰਵਾਲ, ਆਈ.ਏ.ਐਸ.<br>ਮੁੱਖ ਸਕੱਤਰ, ਪੰਜਾਬ । | ਵਿਸ਼ੇਸ਼ ਮਹਿਮਾਨ |
| 2. | ਸ਼੍ਰੀ ਐਸ. ਕੇ. ਸੰਧੂ, ਆਈ.ਏ.ਐਸ.<br>ਪ੍ਰਮੁੱਖ ਸਕੱਤਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ<br>ਵਿਭਾਗ, ਪੰਜਾਬ-ਕਮ- ਵਾਈਸ ਚੇਅਰਮੈਨ, ਪੁੱਡਾ। | ਵਾਈਸ ਚਅਰਮੈਨ |
| 3. | ਸ਼੍ਰੀ ਐਸ.ਐਸ. ਰਾਜਪੂਤ, ਆਈ.ਏ.ਐਸ.<br>ਸਕੱਤਰ, ਸਥਾਨਕ ਸਰਕਾਰ, ਪੰਜਾਬ,<br>ਚੰਡੀਗੜ੍ਹ । | ਮੈਂਬਰ |
| 4. | ਸ਼੍ਰੀ ਵਿਵੇਕ ਪ੍ਰਤਾਪ ਸਿੰਘ, ਆਈ.ਏ.ਐਸ.<br>ਵਿਸ਼ੇਸ਼ ਸਕੱਤਰ (ਵਿੱਤ), ਪੰਜਾਬ<br>(ਪ੍ਰਮੁੱਖ ਸਕੱਤਰ (ਵਿੱਤ), ਪੰਜਾਬ ਜੀ ਦਾ ਨੁਮਾਇੰਦਾ) | ਮੈਂਬਰ |
| 5. | ਸ਼੍ਰੀ ਅਰੁਨਜੀਤ ਸਿੰਘ ਮਿਗਲਾਨੀ, ਆਈ.ਏ.ਐਸ.<br>ਮੁੱਖ ਪ੍ਰਸ਼ਾਸਕ, ਪੁੱਡਾ, ਐਸ.ਏ.ਐਸ. ਨਗਰ । | ਮੈਂਬਰ |
| 6. | ਸ਼੍ਰੀ ਕੁਲਦੀਪ ਸਿੰਘ,<br>ਮੁੱਖ ਨਗਰ ਯੋਜਨਾਕਾਰ, ਪੰਜਾਬ,<br>ਚੰਡੀਗੜ੍ਹ । | ਮੈਂਬਰ |

ਮੀਟਿੰਗ ਵਿੱਚ ਹੇਠ ਦਰਸਾਏ ਗਏ ਲੜੀਵਾਰ ਅਜੰਡਾ ਆਈਟਮਾਂ ਅਨੁਸਾਰ ਵਿਚਾਰ ਕੀਤਾ ਗਿਆ ਅਤੇ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ ਗਿਆ :-

**ਅਜੰਡਾ ਆਈਟਮ ਨੰ: 46.01**

ਵਿਸ਼ਾ: **ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ ਦੀ 45ਵੀਂ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ।**

ਅਥਾਰਟੀ ਵਲੋਂ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

**ਅਜੰਡਾ ਆਈਟਮ ਨੰ: 46.02**

ਵਿਸ਼ਾ: **ਪੰਜਾਬ ਸਹਿਰੀ ਯੋਜਨਾਂਬੰਦੀ ਅਤੇ ਵਿਕਾਸ ਅਥਾਰਟੀ (ਪੁੱਡਾ) ਦੀ ਕਾਰਜਕਾਰੀ ਕਮੇਟੀ ਦੀ ਪਹਿਲੀ, ਦੂਜੀ, ਤੀਜੀ, ਚੌਥੀ ਅਤੇ ਪੰਜਵੀਂ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਦੀ ਰੈਟੀਫਿਕੇਸਨ ਸਬੰਧੀ।**

ਅਥਾਰਟੀ ਵਲੋਂ ਨੋਟ ਕੀਤਾ ਗਿਆ ਅਤੇ ਤਸੱਲੀ ਪ੍ਰਗਟਾਈ ਗਈ।

**ਅਜੰਡਾ ਆਈਟਮ ਨੰ: 46.03**

ਵਿਸਾ:- **ਤਰਸ ਦੇ ਅਧਾਰ ਤੇ ਸੇਵਾਦਾਰ ਦੀ ਨਿਯੁਕਤੀ ਲਈ ਪ੍ਰਾਪਤ ਪ੍ਰਤੀ-ਬੇਨਤੀਆਂ ਦੇ ਯੋਗ ਬਿਨੈਕਾਰਾਂ ਨੂੰ ਦਰਜਾ-4 ਰੈਗੂਲਰ ਵਰਕਚਾਰਜ ਅਮਲੇ ਲਈ ਰਾਖਵੇ ਕੋਟੇ ਤਹਿਤ ਵਿਚਾਰਨ ਸਬੰਧੀ।**

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਟੀ ਵਲੋਂ ਪ੍ਰਵਾਨਗੀ ਦਿੱਤੀ ਗਈ।

**ਅਜੰਡਾ ਆਈਟਮ ਨੰ: 46.04**

ਵਿਸ਼ਾ: **ਵਰਕ ਸੁਪਰਵਾਈਜਰ ਦੀ ਅਸਾਮੀ ਤੋਂ ਵੱਖ-2 ਕੈਟਾਗਰੀਆਂ ਦੀਆਂ ਅਸਾਮੀਆਂ ਤੇ ਪਦ ਉਨਤ ਹੋਏ ਕਰਮਚਾਰੀਆਂ ਵਿਚੋਂ ਜੂਨੀਅਰ ਇੰਜੀਨੀਅਰ ਦੀ ਅਸਾਮੀ ਤੇ ਪਦ ਉਨਤੀ ਲਈ ਰਾਖਵਾਂ ਵਿਭਾਗੀ ਇਮਤਿਹਾਨ ਪਾਸ ਕਰਨ ਵਾਲੇ ਕਰਮਚਾਰੀਆਂ ਨੂੰ ਜੂਨੀਅਰ ਇੰਜੀਨੀਅਰ ਦੀ ਅਸਾਮੀ ਤੇ ਇਕ ਵਾਰੀ ਸਕੀਮ (one time scheme) ਤਹਿਤ ਪਦ ਉਨਤੀ ਕਰਨ ਬਾਰੇ।**

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਇਹ ਫੈਸਲਾ ਕੀਤਾ ਗਿਆ ਕਿ ਜਿਹੜੇ ਵਰਕ ਸੁਪਰਵਾਈਜਰ ਬਤੌਰ ਕਲਰਕ/ਅਸਿਸਟੈਂਟ ਪਦ-ਉਨਤ ਹੋ ਚੁੱਕੇ ਹਨ ਪਰ ਜਿਨਾਂ ਨੇ ਬਾਅਦ ਵਿੱਚ ਜੇ.ਈ. ਦੀ ਅਸਾਮੀ ਤੇ ਪਦ-ਉਨਤੀ ਲਈ ਰਾਖਵਾਂ ਵਿਭਾਗੀ ਇਮਤਿਹਾਨ ਵੀ ਪਾਸ ਕਰ ਲਿਆ ਹੈ, ਉਨ੍ਹਾਂ ਨੂੰ ਜੇ.ਈ. ਦੀ ਅਸਾਮੀ ਤੇ ਇਕ ਵਾਰੀ ਸਕੀਮ ਤਹਿਤ ਪਦ-ਉਨਤੀ ਲਈ ਵਿਚਾਰ ਲਿਆ ਜਾਵੇ। ਇਸ ਸਬੰਧੀ ਅਰਜੀਆਂ ਮਿਤੀ 30.11.2011 ਤੱਕ ਮੰਗ ਲਈਆਂ ਜਾਣ ।

**ਅਜੰਡਾ ਆਈਟਮ ਨੰਬਰ: 46.05**

ਵਿਸ਼ਾ: **ਮੁੱਖ ਮਤਰੀ ਰਾਹਤ ਕੋਸ਼ ਵਿਚ 50.00 ਲੱਖ ਰੁਪਏ ਦੀ ਰਾਸ਼ੀ ਦੀ ਅਦਾਇਗੀ ਦੀ ਕਾਰਜ ਬਾਅਦ ਪ੍ਰਵਾਨਗੀ ਸਬੰਧੀ।**

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਟੀ ਵਲੋਂ ਕਾਰਜ ਬਾਅਦ ਪ੍ਰਵਾਨਗੀ ਦਿੱਤੀ ਗਈ।

**ਅਜੰਡਾ ਆਈਟਮ ਨੰ: 46.06**

ਵਿਸ਼ਾ : **ਓ.ਯੂ.ਵੀ.ਜੀ. ਐਲ. ਸਕੀਮ ਅਧੀਨ 50.00 ਕਰੋੜ ਰੁਪਏ ਦੀ ਰਾਸ਼ੀ ਸਰਕਾਰੀ ਖਜਾਨੇ ਵਿੱਚ ਜਮ੍ਹਾਂ ਕਰਵਾਉਣ ਉਪਰੰਤ ਕਾਰਜ ਬਾਅਦ ਪ੍ਰਵਾਨਗੀ ਸਬੰਧੀ।**

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਟੀ ਵਲੋਂ ਕਾਰਜ ਬਾਅਦ ਪ੍ਰਵਾਨਗੀ ਦਿੱਤੀ ਗਈ।

**ਅਜੰਡਾ ਆਈਟਮ ਨੰ: 46.07**

**ਵਿਸ਼ਾ :** **ਪੁੱਡਾ ਵਲੋਂ ਸੋਸ਼ਲ ਇਨਫਰਾਸਟਰਕਚਰ ਫੰਡ (ਐਸ.ਆਈ.ਐਫ.) ਵਿੱਚੋਂ ਮਿਤੀ 18.10.2011 ਤੋ 28.10.2011 ਤੱਕ ਜਾਰੀ ਕੀਤੀ ਰਕਮ ਸਬੰਧੀ।**

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਟੀ ਵਲੋਂ ਪ੍ਰਵਾਨਗੀ ਦਿੱਤੀ ਗਈ।

**ਅਜੰਡਾ ਆਈਟਮ ਨੰ: 46.08**

**ਵਿਸ਼ਾ :** **ਪੁੱਡਾ ਵਲੋਂ ਓ.ਯੂ.ਵੀ.ਜੀ.ਐਲ. ਸਕੀਮ ਤਹਿਤ ਵੱਖ-ਵੱਖ ਕੰਮਾਂ ਲਈ ਕੀਤੀਆਂ ਅਦਾਇਗੀਆਂ ਦੀ ਕਾਰਜ ਬਾਅਦ ਪ੍ਰਵਾਨਗੀ ਸਬੰਧੀ (ਮਿਤੀ 21.10.11 ਤੱਕ)।**

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਟੀ ਵਲੋਂ ਕਾਰਜ ਬਾਅਦ ਪ੍ਰਵਾਨਗੀ ਦਿੱਤੀ ਗਈ।

**ਅਜੰਡਾ ਆਈਟਮ ਨੰ: 46.09**

**ਵਿਸ਼ਾ :** **ਸਥਾਨਕ ਸਰਕਾਰ ਵਿਭਾਗ, ਪੰਜਾਬ ਅਧੀਨ ਗਠਿਤ ਪੀ.ਐਮ.ਆਈ.ਡੀ.ਸੀ. ਨੂੰ 25.00 ਕਰੋੜ ਰੁਪਏ ਦਾ ਕਰਜਾ ਦੇਣ ਸਬੰਧੀ।**

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਟੀ ਵਲੋਂ ਪ੍ਰਵਾਨਗੀ ਦਿੱਤੀ ਗਈ।

**ਅਜੰਡਾ ਆਈਟਮ ਨੰ: 46.10**

**ਵਿਸ਼ਾ:** **ਪੁੱਡਾ ਕਰਮਚਾਰੀਆਂ ਨੂੰ ਰਿਹਾਇਸ਼ੀ ਪਲਾਟ ਅਲਾਟ ਕਰਨ ਲਈ ਉਲੀਕੀ ਗਈ ਸਕੀਮ ਅਧੀਨ ਅਰਜੀਆਂ ਮੰਗਣ ਦੇ ਸਮੇਂ ਦੀ ਮਿਆਦ ਵਿੱਚ ਵਾਧਾ ਕਰਨ ਸਬੰਧੀ ।**

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਤੇ ਵਿਚਾਰ ਵਟਾਂਦਰਾ ਕਰਨ ਉਪਰੰਤ ਇਹ ਫੈਸਲਾ ਲਿਆ ਗਿਆ ਕਿ ਜਿਨ੍ਹਾਂ ਕਰਮਚਾਰੀਆਂ ਨੇ ਹਾਲੇ ਅਰਜੀਆਂ ਨਹੀਂ ਦਿੱਤੀਆਂ ਹਨ, ਉਨ੍ਹਾਂ ਨੂੰ ਮਿਤੀ 30.11.2011 ਤੱਕ ਅਰਜੀਆਂ ਦੇਣ ਦੀ ਇਜਾਜ਼ਤ ਦੇ ਦਿੱਤੀ ਜਾਵੇ।

**ਅਜੰਡਾ ਆਈਟਮ ਨੰ: 46.11**

***ਵਿਸ਼ਾ:*** **ਡਰਾਇਵਰ ਦੀਆਂ ਅਸਾਮੀਆਂ ਵੱਖ ਵੱਖ ਕੈਟਗਾਰੀਆਂ ਦੇ ਕਰਮਚਾਰੀਆਂ ਵਿਚੋਂ ਪਦ-ਉਨਤੀ ਰਾਹੀਂ ਭਰਨ ਸਬੰਧੀ।**

ਮੱਦ ਵਿੱਚ ਦਿੱਤੇ ਗਏ ਪ੍ਰਸਤਾਵ ਨੂੰ ਅਥਾਰਟੀ ਵਲੋਂ ਪ੍ਰਵਾਨਗੀ ਦਿੱਤੀ ਗਈ।

***ਮੀਟਿੰਗ ਧੰਨਵਾਦ ਸਹਿਤ ਖਤਮ ਕੀਤੀ ਗਈ ।***

**ਪਰਕਾਸ਼ ਸਿੰਘ ਬਾਦਲ**
**ਮੁੱਖ ਮੰਤਰੀ, ਪੰਜਾਬ-ਕਮ-**
**ਚੇਅਰਮੈਨ, ਪੁੱਡਾ।**